ਪੁਰਾਤਨ ਹੱਥ ਲਿਖਤ ਬੀੜਾਂ ਅਨੁਸਾਰ ਸ਼ੁਧ ਪਾਠ

# ਸੋਹਿਲਾ ਸਾਹਿਬ

## – ਸੰਥਿਆ ਪੋਥੀ –

ਰੰਗੀਨ ਵਿਸ਼ਰਾਮਾਂ ਸਹਿਤ

(ਅਰਧ ਵਿਸ਼ਰਾਮ / ਜਮਕੀ)

ਪ੍ਰਕਾਸ਼ਕ:

ਤੱਤ ਖ਼ਾਲਸਾ ਜੱਥਾ

ੴ ਸਤਿ ਗੁਰਪ੍ਰਸਾਦਿ ॥

## ਰਾਗੁ ਗਉੜੀ ਦੀਪਕੀ ਮਹਲਾ ੧

# ਸੋਹਿਲਾ ॥*

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥
ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ* ਸਿਰਜਣਹਾਰੋ ॥੧॥

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ

---

* ਨੋਟ:- (੧) ਹੱਥ ਲਿਖਤ ਬੀੜਾਂ, ਖ਼ਾਸ ਕਰਕੇ ਆਦਿ ਕਾਲ ਦੀਆਂ ਮੁੱਢਲੀਆਂ ਬੀੜਾਂ, ਜਿਸ ਵਿੱਚ ਭਾਈ ਬਿੱਧੀ ਚੰਦ ਜੀ ਦੀ ਲਿਖੀ ਬੀੜ ਵੀ ਹੈ, ਵਿੱਚ ਪਹਿਲਾਂ ‘ੴ ਸਤਿਗੁਰਪ੍ਰਸਾਦਿ’ ਦਾ ਮੰਗਲ ਲਿਖਿਆ ਹੈ ਅਤੇ ਫਿਰ ਸਿਰਲੇਖ ਇਸ ਤਰ੍ਹਾਂ ਲਿਖਿਆ ਮਿਲਦਾ ਹੈ ਕਿ ੧- ਰਾਗ ਦਾ ਨਾਮ (ਰਾਗੁ ਗਉੜੀ ਦੀਪਕੀ), ੨- ਮਹਲਾ ਨੂੰ (ਮਹਲਾ ੧) ਅਤੇ ੩- ਬਾਣੀ ਦਾ ਨਾਮ (ਸੋਹਿਲਾ)। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ‘ਪਾਠ ਭੇਦਾਂ ਦੀ ਸੂਚੀ’ (ਪੰਨਾ ੧੪) ਵਿੱਚ ਵੀ ਅਜਿਹੇ ੯ ਇਤਿਹਾਸਕ ਬੀੜਾਂ ਦੇ ਹਵਾਲੇ ਦਰਜ ਹਨ। (੨) ‘ਸਿਵਰਿਹੁ’ ਦਾ ਉਚਾਰਨ = ‘ਸਿਵ-ਰਿਹੁ’।

ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥

ਰਾਗੁ ਆਸਾ ਮਹਲਾ ੧ ॥

ਛਿਅ* ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥੧॥

---

* ਨੋਟ:– 'ਛਿਅ' ਦਾ ਉਚਾਰਨ 'ਛਿ–ਅ' ਕਰਨਾ ਹੈ, ਨਾਕਿ 'ਛੇ'।

ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥ ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥

ਰਾਗੁ ਧਨਾਸਰੀ ਮਹਲਾ ੧ ॥

ਗਗਨਮੈ* ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥

ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥

ਸਹਸ* ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ

---

* ਨੋਟ:- (੧) 'ਗਗਨਮੈ' ਨੂੰ ਪਦਛੇਦ ਕਰਕੇ 'ਗਗਨ ਮੈ' ਉਚਾਰਨਾ ਠੀਕ ਨਹੀਂ ਹੈ। 'ਗਗਨਮੈ' ਦਾ ਭਾਵ ਹੈ 'ਗਗਨਮਈ'। (੨) 'ਸਹਸ' ਦਾ ਉਚਾਰਨ ਦਾ 'ਸ-ਹ-ਸ' (ਭਾਵ ਤਿੰਨੇ ਮੁਕਤੇ ਬੋਲਣੇ), ਨਾਕਿ 'ਸੈਹਸ' ਕਹਿਣਾ। (੩) 'ਤੁੋਹੀ': ਮਾਤਰਕ ਤੋਲ ਦੀ ਪੂਰਤੀ ਲਈ 'ਤੁੋਹੀ' ਦੇ

ਮੂਰਤਿ ਨਨਾ ਏਕ ਤੁੋਹੀ* ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੁੋ* ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥

ਰਾਗੁ ਗਉੜੀ ਪੂਰਬੀ ਮਹਲਾ ੪ ॥

ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥ ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ

---

'ਤੱਤੇ' ਅੱਖਰ ਨੂੰ ਦੋ ਮਾਤਰਾਂ (ਹੋੜਾ ਅਤੇ ਔਂਕੜ) ਲੱਗੀਆਂ ਹੋਈਆਂ ਹਨ। 'ਤੁੋਹੀ' ਦਾ ਉਚਾਰਨ = 'ਤੋਹੀ'।

ਹਰਿ ਲਿਵ ਮੰਡਲ ਮੰਡਾ ਹੇ ॥੧॥

ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥

ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ* ਸਿਰਿ ਡੰਡਾ ਹੇ ॥੨॥

ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥ ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥

ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥ ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥

ਰਾਗੁ ਗਉੜੀ ਪੂਰਬੀ ਮਹਲਾ ੫ ॥

---

* ਨੋਟ:- (੧) 'ਸਹਹਿ' ਦਾ ਉਚਾਰਨ = 'ਸਹ-ਹਿੰ'।

ਕਰਉ* ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥ ਈਹਾ* ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥

ਅਉਧ ਘਟੈ ਦਿਨਸੁ ਰੈਣਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥

ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥ ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ* ਕਥਾ ਤਿਨਿ ਜਾਨੀ ॥੨॥

ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥ ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ* ਬਹੁਰਿ ਨ ਹੋਇਗੋ ਫੇਰਾ ॥੩॥

ਅੰਤਰਜਾਮੀ ਪੁਰਖ ਬਿਧਾਤੇ ਸਰਧਾ* ਮਨ ਕੀ ਪੂਰੇ ॥ ਨਾਨਕ ਦਾਸੁ ਇਹੈ ਸੁਖੁ ਮਾਗੈ* ਮੋ ਕਉ ਕਰਿ ਸੰਤਨ

---

* ਨੋਟ:- (੧) 'ਕਰਉ' ਦਾ ਉਚਾਰਨ = 'ਕਰਉਂ'। (੨) 'ਈਹਾ' ਦਾ ਉਚਾਰਨ = 'ਈਹਾਂ'। (੩) 'ਅਕਥ' ਦਾ ਉਚਾਰਨ = 'ਅ-ਕਥ'। (੪) 'ਸਹਜੇ' ਦਾ ਉਚਾਰਨ = 'ਸਹ-ਜੇ'। (੫) 'ਸਰਧਾ' ਦਾ ਉਚਾਰਨ = 'ਸ਼ਰਧਾ'। (੬) 'ਮਾਗੈ' ਦਾ ਉਚਾਰਨ = 'ਮਾਂਗੈ'।

ਕੀ ਧੂਰੇ ॥੪॥੫॥

(੧੨-੧੩)